## MiAccess ਦਾ ਬਿਓਰਾ

MiAccess ਇਕ ਮੰਤਵ ਅਧੀਨ-ਬਣਾਈ ਗਈ ਵੈਬਸਾਈਟ ਹੈ, ਜੋ ਕਿ ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ (CALD) ਵਾਲੇ ਪਿਛੋਕੜ ਦੇ ਅਪੰਗਤਾ ਵਾਲੇ ਲੋਕਾਂ ਲਈ, ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ, ਅਤੇ ਭਾਈਚਾਰਿਆਂ ਦੇ ਮੁੱਦਿਆਂ ਬਾਰੇ ਜਾਣਕਾਰੀ ਇਕੱਠੀ ਕਰਦੀ ਹੈ।

ਵੈਬਸਾਈਟ ਅਜਿਹੀ ਜਾਣਕਾਰੀ ਮੁਹੱਈਆ ਕਰਵਾਉਂਦੀ ਹੈ ਜੋ ਅਪੰਗਤਾ ਦੇ ਵਾਤਾਵਰਣ ਨੂੰ ਸਮਝਣ ਅਤੇ ਰਾਸ਼ਟਰੀ ਅਪੰਗਤਾ ਬੀਮਾ ਯੋਜਨਾ (ਐਨ ਡੀ ਆਈ ਐਸ) ਤੱਕ ਪਹੁੰਚਣ ਦੇ ਨਾਲ ਨਾਲ ਸਭਿਆਚਾਰਕ ਅਤੇ ਭਾਸ਼ਾਈ ਤੌਰ ਤੇ ਵਿਭਿੰਨਤਾ ਵਾਲੇ ਪਿਛੋਕੜ ਤੋਂ ਅਪੰਗਤਾ ਵਾਲੇ ਲੋਕਾਂ ਦੁਆਰਾ ਅਨੁਭਵ ਕੀਤੇ ਗਏ ਵਿਸ਼ੇਸ਼ ਮੁੱਦਿਆਂ ਨੂੰ ਸਮਝਣ ਲਈ ਜ਼ਰੂਰੀ ਹੈ।

MiAccess ਇੱਕ ਉਹ ਪ੍ਰੋਜੈਕਟ ਹੈ ਜੋ Cultural Perspectives ਦੁਆਰਾ ਤਿਆਰ ਕੀਤਾ ਗਿਆ ਹੈ।

## ਐਨ ਡੀ ਆਈ ਐਸ ਬਾਰੇ

ਐਨ ਡੀ ਆਈ ਐਸ ਅਪੰਗਤਾ ਵਾਲੇ ਲੋਕਾਂ ਲਈ ਆਸਟਰੇਲੀਆ ਦੀ ਪਹਿਲੀ ਰਾਸ਼ਟਰੀ ਯੋਜਨਾ ਹੈ। ਇਹ ਵਿਅਕਤੀਆਂ ਨੂੰ ਸਿੱਧਾ ਫੰਡ ਪ੍ਰਦਾਨ ਕਰਦੀ ਹੈ। ਐਨ ਡੀ ਆਈ ਐਸ 7 ਤੋਂ 65 ਸਾਲ ਦੀ ਉਮਰ ਦੇ ਲੋਕਾਂ ਲਈ ਹੈ। ਸੱਤ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਚਪਨ ਦੇ ਅਰੰਭਕ ਦਖਲ (ਈ ਸੀ ਈ ਆਈ) ਪ੍ਰੋਗਰਾਮ ਉਪਲਬਧ ਹੈ ਜਿਸ ਨੂੰ ਐਨ ਡੀ ਆਈ ਐਸ ਦੁਆਰਾ ਹੀ ਫੰਡ ਦਿੱਤਾ ਜਾਂਦਾ ਹੈ।

ਐਨ ਡੀ ਆਈ ਐਸ ਲੋਕਾਂ ਵਲੋਂ ਲੋੜੀਂਦੀ ਸਹਾਇਤਾ ਪ੍ਰਾਪਤ ਕਰਨ ਵਿੱਚ ਮਦਦ ਲਈ ਤਿਆਰ ਕੀਤੀ ਗਈ ਹੈ, ਤਾਂ ਜੋ ਸਮੇਂ ਦੇ ਨਾਲ ਉਨ੍ਹਾਂ ਦੀ ਯੋਗਤਾ ਅਤੇ ਸੁਤੰਤਰਤਾ ਵਿੱਚ ਸੁਧਾਰ ਹੋ ਸਕੇ।

ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **www.ndis.gov.au** ਉੱਤੇ ਜਾਓ।

# MiAccess – ਬਹੁਭਾਸ਼ਾਈ ਜਾਣਕਾਰੀ ਤੱਕ ਪਹੁੰਚ

**www.miaccess.com.au**

ਇਹ ਜਾਣਨ ਲਈ ਕਿ ਕਿਸ ਤਰ੍ਹਾਂ ਸ਼ਾਮਲ ਹੋਣਾ ਹੈ ਜਾਂ MiAccess ਤੇ ਆਪਣੀ ਸਮੱਗਰੀ ਨੂੰ ਕਿਵੇਂ ਸਾਂਝਾ ਕਰਨਾ ਹੈ, ਕਿਰਪਾ ਕਰਕੇ ਸੰਪਰਕ ਕਰੋ: **info@miaccess.com.au**

Australian Government
Department of Social Services

ਇਹ ਪ੍ਰੋਜੈਕਟ ਆਸਟਰੇਲੀਆ ਦੀ ਸਰਕਾਰ ਦੇ ਸਮਾਜਿਕ ਸੇਵਾਵਾਂ ਵਿਭਾਗ ਦੁਆਰਾ ਮਾਲੀ ਸਹਾਇਤਾ ਦਿੱਤੀ ਗਈ ਹੈ।
ਵਧੇਰੇ ਜਾਣਕਾਰੀ ਲਈ **www.dss.gov.au** ਉੱਤੇ ਜਾਓ।

cultural perspectives

## Cultural Perspectives ਬਾਰੇ

Cultural Perspectives ਇੱਕ ਮਾਰਕੀਟਿੰਗ, ਸੰਚਾਰ, ਭਾਈਚਾਰੇ ਦੀ ਸ਼ਮੂਲੀਅਤ ਅਤੇ ਖੋਜ ਕੰਪਨੀ ਹੈ ਜੋ ਭਾਈਚਾਰਿਆਂ ਅਤੇ ਸੰਸਥਾਵਾਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਰਾਹੀਂ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **www.culper.com.au** ਉੱਤੇ ਜਾਓ।

mi access



**www.miaccess.com.au**

## ਅਪਾਹਜ ਲੋਕਾਂ, ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰਿਆਂ ਲਈ ਬਹੁਭਾਸ਼ੀ ਜਾਣਕਾਰੀ



# MiAccess ਦੀ ਵਰਤੋਂ ਲਈ ਕਦਮ ਦਰ ਕਦਮ ਗਾਈਡ

MiAccess ਭਾਸ਼ਾਈ ਵਿਭਿੰਨਤਾ ਵਾਲੇ ਪਿਛੋਕੜ ਤੋਂ ਆਏ ਅਪੰਗਤਾ ਵਾਲੇ ਲੋਕਾਂ, ਉਨ੍ਹਾਂ ਦੇ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਦੇ ਲਈ ਅਪੰਗਤਾ ਅਤੇ ਐਨ ਡੀ ਆਈ ਐਸ ਬਾਰੇ ਅਨੁਵਾਦ ਕੀਤੀ ਜਾਣਕਾਰੀ ਤੱਕ ਪਹੁੰਚ ਵਧਾਉਣ ਲਈ ਤਿਆਰ ਕੀਤੀ ਗਈ ਹੈ।

ਵੈਬਸਾਈਟ ਜਾਣਕਾਰੀ ਭਰਪੂਰ ਹੈ, ਪਹੁੰਚ ਕਰਨ ਵਿੱਚ ਅਸਾਨ ਹੈ ਅਤੇ ਬਹੁਤ ਸਾਰੇ ਐਨ ਡੀ ਆਈ ਐਸ ਅਪੰਗਤਾ ਖੇਤਰਾਂ ਵਿੱਚ 30 ਤੋਂ ਵੱਧ ਭਾਸ਼ਾਵਾਂ ਵਿੱਚ ਬਹੁਭਾਸ਼ਾਈ ਸਰੋਤ ਇਕੱਠਾ ਕਰਦੀ ਹੈ। ਜਾਣਕਾਰੀ ਨੂੰ ਵੱਖ-ਵੱਖ ਮਹੱਤਵਪੂਰਨ ਰੂਪਾਂ ਵਿੱਚ ਦੇਖਿਆ ਜਾ ਸਕਦਾ ਹੈ ਜਿਵੇਂ ਕਿ ਪ੍ਰਿੰਟ ਸਰੋਤ, ਆਡੀਓ ਅਤੇ ਵੀਡੀਓ। ਅਪੰਗਤਾ ਅਤੇ ਐਨ ਡੀ ਆਈ ਐਸ ਦੇ ਵਿਚਕਾਰ ਸਬੰਧਾਂ ਬਾਰੇ ਗਿਆਨ ਨੂੰ ਵਧਾਉਣ ਦੇ ਜ਼ਰੀਏ, MiAccess ਐਨ ਡੀ ਆਈ ਐਸ ਦੀ ਵਧੇਰੇ ਸਮਝ ਅਤੇ ਇਸ ਤਕ ਪਹੁੰਚ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

ਵੈਬਸਾਈਟ ਨੂੰ ਡੈਸਕਟੌਪ ਕੰਪਿਊਟਰ, ਲੈਪਟਾਪ, ਜਾਂ ਕਿਸੇ ਵੀ ਮੋਬਾਈਲ ਉਪਕਰਣ ਤੇ ਖੋਲਿਆ ਜਾ ਸਕਦਾ ਹੈ। ਹੇਠ ਦਿੱਤੇ ਕਦਮ ਤੁਹਾਨੂੰ ਆਪਣੇ ਕੰਪਿਊਟਰ ਜਾਂ ਮੋਬਾਈਲ ਉਪਕਰਣ ਤੇ MiAccess ਦੀ ਵਰਤੋਂ ਕਰਨ ਬਾਰੇ ਸੇਧ ਦਿੰਦੇ ਹਨ।

**mi access**

MiAccess ਇਕ ਮੰਤਵ-ਅਧੀਨ -ਬਣਾਈ ਗਈ ਵੈਬਸਾਈਟ ਹੈ, ਜੋ ਕਿ ਸਭਿਆਚਾਰਕ ਅਤੇ ਭਾਸ਼ਾਈ ਵਿਭਿੰਨਤਾ (CALD) ਵਾਲੇ ਪਿਛੋਕੜ ਦੇ ਅਪੰਗਤਾ ਵਾਲੇ ਲੋਕਾਂ ਲਈ, ਉਨ੍ਹਾਂ ਦੇ ਦੇਖਭਾਲ ਕਰਨ ਵਾਲੇ, ਅਤੇ ਭਾਈਚਾਰਿਆਂ ਦੇ ਮੁੱਦਿਆਂ ਬਾਰੇ ਜਾਣਕਾਰੀ ਇਕੱਠੀ ਕਰਦੀ ਹੈ।

ਵਧੇਰੇ ਜਾਣਕਾਰੀ ਲਈ **www.miaccess.com.au** ਉੱਤੇ ਜਾਓ

## ਤੁਹਾਡੇ ਕੰਪਿਊਟਰ ਤੇ MiAccess

ਵੈਬਸਾਈਟ ਦੇਖਣ ਲਈ ਆਪਣੀ ਪਸੰਦ ਦੀ ਭਾਸ਼ਾ ਦੀ ਚੋਣ ਕਰੋ।




ਹੋਮ (ਪਹਿਲੇ) ਪੇਜ ਤੋਂ ਵੈਬਸਾਈਟ ਤੱਕ ਪਹੁੰਚ ਕਰੋ ਅਤੇ ਅੱਗੇ-ਪਿੱਛੇ ਜਾ ਕੇ ਵੇਖੋ।



ਆਪਣੀ ਤਰਜੀਹੀ ਭਾਸ਼ਾ ਵਿਚ ਕਿਸੇ ਵਿਸ਼ੇਸ਼ ਅਯੋਗਤਾ ਵਾਲੇ ਖੇਤਰ ਲਈ ਸਰੋਤਾਂ ਦੀ ਭਾਲ ਕਰੋ।



ਐਨ ਡੀ ਆਈ ਐਸ ਬਾਰੇ ਵਧੇਰੇ ਜਾਣੋ, ਅਤੇ ਇਸ ਤੱਕ ਕਿਵੇਂ ਪਹੁੰਚ ਕੀਤੀ ਜਾ ਸਕਦੀ ਹੈ।



## ਤੁਹਾਡੇ ਮੋਬਾਈਲ ਤੇ MiAccess

ਆਪਣੇ ਮੋਬਾਈਲ ਬਰਾਊਜ਼ਰ ਤੋਂ ਮੋਬਾਈਲ ਐਪਲੀਕੇਸ਼ਨ ਨੂੰ ਡਾਊਨਲੋਡ ਕਰੋ।







ਹੋਮ (ਪਹਿਲੇ) ਪੇਜ ਤੋਂ ਵੈਬਸਾਈਟ ਤੱਕ ਪਹੁੰਚ ਕਰੋ ਅਤੇ ਅੱਗੇ-ਪਿੱਛੇ ਜਾ ਕੇ ਵੇਖੋ।

ਆਪਣੀ ਤਰਜੀਹੀ ਭਾਸ਼ਾ ਵਿਚ ਕਿਸੇ ਵਿਸ਼ੇਸ਼ ਅਯੋਗਤਾ ਵਾਲੇ ਖੇਤਰ ਲਈ ਸਰੋਤਾਂ ਦੀ ਭਾਲ ਕਰੋ।







ਐਨ ਡੀ ਆਈ ਐਸ ਬਾਰੇ ਵਧੇਰੇ ਜਾਣੋ, ਅਤੇ ਇਸ ਤੱਕ ਕਿਵੇਂ ਪਹੁੰਚ ਕੀਤੀ ਜਾ ਸਕਦੀ ਹੈ।




